CITY OF BRAMPTON
EMERGENCY MEASURES OFFICE

9-1-1
ਵਰਤੋਂ ਕਰੋ। ਨਾ ਕਿ ਦੁਰਵਰਤੋਂ।

## 9–1–1 ’ਤੇ ਫ਼ੋਨ ਕਦੋਂ ਕਰਨਾ ਚਾਹੀਦਾ ਹੈ?

9–1–1 ’ਤੇ ਫ਼ੋਨ ਉਦੋਂ ਕਰੋ ਜਦੋਂ ਹੇਠਾਂ ਦੱਸੀ ਕਿਸੇ ਹੰਗਾਮੀ ਹਾਲਤ ਲਈ ਤੁਹਾਨੂੰ ਪੁਲਿਸ, ਫਾਇਰ ਬ੍ਰਿਗੇਡ ਜਾਂ ਐਂਬੂਲੈਂਸ ਦੀ ਫੌਰੀ ਲੋੜ ਹੋਵੇ:

- ਅੱਗ ਲੱਗ ਜਾਣਾ
- ਕੋਈ ਡਾਕਟਰੀ ਲੋੜ ਵਾਲ਼ੀ ਐਮਰਜੈਂਸੀ
- ਕੋਈ ਜੁਰਮ ਹੋ ਰਿਹਾ ਹੋਵੇ

9–1–1 ਰਾਹੀਂ ਲੋੜ ਪੈਣ ’ਤੇ ਤਰਜਮੇ ਦੀਆਂ ਸੇਵਾਵਾਂ ਮੌਜੂਦ ਰਹਿੰਦੀਆਂ ਹਨ।

### ਕਿਸੇ ਐਮਰਜੈਂਸੀ ਦੌਰਾਨ 9–1–1 ’ਤੇ ਹੇਠ ਲਿਖੀਆਂ ਗੱਲਾਂ ਲਈ ਫ਼ੋਨ ਨਾ ਕਰੋ:

- ਰਿਸ਼ਤੇਦਾਰਾਂ ਦਾ ਪਤਾ ਲਾਉਣ ਲਈ
- ਸਥਾਨਕ ਪੈਟਰੋਲ ਪੰਪਾਂ ਉੱਤੇ ਪੈਟਰੋਲ ਦੀ ਉਪਲਬਧਗੀ ਪਤਾ ਕਰਨ, ਜਾਂ ਹੋਰ ਸਥਾਨਕ ਸੇਵਾਵਾਂ ਦਾ ਪਤਾ ਕਰਨ ਲਈ
- ਆਸਰਾ ਘਰਾਂ ਜਾਂ ਹੋਰ ਸੇਵਾਵਾਂ ਦੇ ਮੁਕਾਮ ਜਾਂ ਉਪਲਬਧਗੀ ਬਾਰੇ ਪਤਾ ਲਾਉਣ ਲਈ
- ਫਾਇਰ ਬ੍ਰਿਗੇਡ, ਪੁਲਿਸ ਜਾਂ ਐਂਬੂਲੈਂਸ ਵਾਲਿਆਂ ਦੇ ਗ਼ੈਰ–ਹੰਗਾਮੀ ਨੰਬਰਾਂ ਦਾ ਪਤਾ ਲਾਉਣ ਲਈ

ਕਿਸੇ ਹੰਗਾਮੀ ਸੂਰਤ ਵਿੱਚ ਐਮਰਜੈਂਸੀ ਵੇਲ਼ੇ ਕਾਰਵਾਈ ਕਰਨ ਵਾਲ਼ੇ ਅਫ਼ਸਰਾਂ ਵੱਲੋਂ ਜਾਣਕਾਰੀ ਅਤੇ ਹਿਦਾਇਤਾਂ ਮੀਡੀਆ (ਟੈਲੀਵਿਯਨ, ਰੇਡੀਓ, ਇੰਟਰਨੈੱਟ ਸੇਵਾਵਾਂ ਆਦਿ) ਰਾਹੀਂ ਬਾਕਾਇਦਗੀ ਨਾਲ ਉਪਲਬਧ ਕਰਵਾਈਆਂ ਜਾਣਗੀਆਂ।

## ਜਾਨ ਨੂੰ ਖ਼ਤਰਾ ਹੋਣ ਦੀ ਸੂਰਤ ਵਿੱਚ 9–1–1 ਡਾਇਲ ਕਰੋ